**International Research Journal of Management and Commerce**
**ISSN: (2348-9766)**
**Impact Factor 5.564 Volume 4, Issue 12, December 2017**
**Website-** www.aarf.asia, **Email**: editor@aarf.asia , editoraarf@gmail.com

# ਗੁਰੂ ਨਾਨਕ ਦੇਵ ਜੀ ਦੇ ਸਮੇਂ ਸਮਾਜਿਕ ਹਾਲਤ

**Mandeep Kaur, Village Mirpur, Tehsil Khamanon, District Fatehgarh Sahib-141411, Punjab, India**

ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਸਨ।ਉਹਨਾਂ ਦੇ ਸਮੇਂ ਪੰਜਾਬ ਦੀ ਸਮਾਜਿਕ ਹਾਲਤ ਬਹੁਤ ਹੀ ਤਰਸਯੋਗ ਸੀ।ਉਸ ਸਮੇਂ ਪੰਜਾਬ ਦਾ ਸਮਾਜ ਦੋ ਵਰਗਾ ਹਿੰਦੂ ਤੇ ਮੁਸਲਮਾਨ ਵਿਚ ਵੰਡਿਆ ਹੋਇਆ ਸੀ।ਸਮਾਜ ਦੇ ਵਿਚ ਮੁਸਲਿਮ ਸ਼ਾਸਕਾਂ ਦਾ ਰਾਜ ਹੋਣ ਕਾਰਣ ਮੁਸਲਮਾਨ ਵਰਗ ਦੀ ਸਥਿਤੀ ਬਹੁਤ ਹੀ ਚੰਗੀ ਸੀ, ਜਦ ਕਿ ਹਿੰਦੂ ਲੋਕਾਂ ਦੀ ਸਥਿਤੀ ਬਹੁਤ ਖ਼ਰਾਬ ਸੀ, ਉਹਨਾਂ ਉਤੇ ਬਹੁਤ ਜ਼ਿਆਦਾ ਅਤਿਆਚਾਰ ਕੀਤੇ ਜਾਂਦੇ ਸਨ , ਉਹਨਾਂ ਨੂੰ ਕਾਫ਼ਿਰ ਕਹਿ ਕੇ ਬੁਲਾਇਆ ਜਾਂਦਾ ਸੀ ।ਗੁਰੂ ਨਾਨਕ ਦੇਵ ਜੀ ਨੇ ਸਮਾਜ ਦੀ ਹਾਲਤ ਨੂੰ ਸੁਧਾਰਨ ਲਈ ਬਹੁਤ ਸਾਰੇ ਯਤਨ ਕੀਤੇ । ਉਹਨਾਂ ਵਲੋਂ ਲੋਕ ਨੂੰ ਇੱਕ ਨਵੀਂ ਵਿਚਾਰਧਾਰਾ ਨੂੰ ਗ੍ਰਹਿਣ ਕਾਰਨ ਦਾ ਉਪਦੇਸ਼ ਦਿੱਤਾ ਗਿਆ।ਗੁਰੂ ਨਾਨਕ ਦੇਵ ਜੀ ਦੇ ਸਮੇਂ ਨੀਵੀਂ ਜਾਤੀ ਦੇ ਲੋਕਾਂ ਨਾਲ ਬਹੁਤ ਮਾੜਾ ਸਲੂਕ ਕੀਤਾ ਜਾਂਦਾ ਸੀ ।

ਮੁਸਲਮਾਨ ਸਮਾਜ ਦੀ ਉੱਚ ਸ੍ਰੇਣੀ ਦੇ ਲੋਕ ਵੱਡੇ ਸਰਕਾਰੀ ਅਧਿਕਾਰੀ,ਅਮੀਰ, ਖ਼ਾਨ, ਸ਼ੇਖੀ ,ਮਲਿਕ ,ਉਲਮਾ,ਸਯਦ,ਕਾਜ਼ੀ ਆਦਿ ਦੇ ਪਦਾ ਉੱਤੇ ਨਿਯੁਕਤ ਸਨ ।ਇਹਨਾਂ ਦਾ ਮੁਸਲਿਮ ਸਮਾਜ ਵਿਚ ਸਭ ਤੋਂ ਉਚਾ ਦਰਜਾ ਸੀ। ਇਹ ਲੋਕ ਵੱਡੇ ਵੱਡੇ ਘਰਾਂ ਵਿਚ ਰਹਿੰਦੇ ਸਨ ਤੇ ਐਸ਼ੋ ਅਰਾਮ ਦਾ ਜੀਵਨ ਬਤੀਤ ਕਰਦੇ ਸਨ।ਇਹਨਾਂ ਨੇ ਆਪਣੇ ਮਨੋਰੰਜਨ ਲਈ ਹਰਮ ਬਣਾਏ ਹੋਏ ਸਨ , ਜਿਹਨਾਂ ਵਿਚ ਸੁੰਦਰ ਇਸਤਰੀਆਂ ਰਹਿੰਦੀਆਂ ਸਨ । ਉਲਮਾ, ਸਯਦ ਅਤੇ ਕਾਜ਼ੀ ਧਾਰਮਿਕ ਤੇ ਨਿਆਇਕ ਪੱਖ ਨਾਲ ਸਬੰਧ ਰੱਖਦੇ ਸਨ ਅਤੇ ਧਾਰਮਿਕ ਕਾਨੂੰਨ ਦੀ ਵਿਆਖਿਆ ਕਰਕੇ ਨਿਆਂ ਦਿੰਦੇ ਸਨ। ਦੂਜੀ ਸ੍ਰੇਣੀ ਵਿੱਚ ਸੈਨਿਕ,ਵਪਾਰੀ,ਕਿਸਾਨ ਅਤੇ ਰਾਜ ਦੇ ਛੋਟੇ ਕਰਮਚਾਰੀ ਸ਼ਾਮਿਲ ਸਨ। ਇਹ ਲੋਕ ਆਪਣੀ ਆਮਦਨ ਨਾਲ ਹੀ ਆਪਣਾ ਗੁਜ਼ਾਰਾ ਕਰਦੇ ਸਨ, ਪਰ ਉੱਚ ਸ੍ਰੇਣੀ ਵਾਂਗ ਐਸ਼ -ਅਰਾਮ ਦੀ ਜ਼ਿੰਦਗੀ ਤੋਂ ਬਹੁਤ ਦੂਰ ਸਨ, ਫਿਰ ਵੀ ਦੂਜੇ ਹਿੰਦੂ ਲੋਕਾਂ ਦੇ ਨਾਲੋਂ ਇਹਨਾਂ ਦੀ ਸਥਿਤੀ ਬਹੁਤ ਚੰਗੀ ਸੀ। ਤੀਜੀ ਸ੍ਰੇਣੀ ਦੇ ਵਿੱਚ ਦਾਸ, ਦਾਸੀਆਂ,ਨੌਕਰ,ਕਿਰਤੀ,ਅਤੇ ਮਜ਼ਦੂਰ ਸ਼ਾਮਿਲ ਸਨ । ਇਹਨਾਂ ਲੋਕਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਇਹਨਾਂ ਨੂੰ ਕਾਫ਼ੀ ਮਿਹਨਤ ਕਰਨੀ ਪੈਂਦੀ ਸੀ ਤਾਂ ਕਿ ਇਹ

© **Associated Asia Research Foundation (AARF)**
A Monthly Double-Blind Peer Reviewed Refereed Open Access International e-Journal - Included in the International Serial Directories.

ਆਪਣਾ ਤੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਸਕਣ।ਇਹਨਾਂ ਲੋਕਾਂ ਉੱਤੇ ਮੁਸਲਿਮ ਵਰਗ ਦੁਆਰਾ ਬਹੁਤ ਅਤਿਆਚਾਰ ਕੀਤਾ ਜਾਂਦਾ ਸੀ ।

ਸਮਾਜ ਦੇ ਵਿੱਚ ਮੁਸਲਿਮ ਵਰਗ ਦਾ ਬੋਲ੍ਬਾਲਾ ਹੋਣ ਕਰ ਕੇ ਉਹਨਾਂ ਨੂੰ ਬਹੁਤ ਸਾਰੀਆਂ ਸਹੂਲਤਾਂ ਮਿਲੀਆਂ ਹੋਈਆਂ ਸਨ 16 ਵੀ ਸਦੀ ਦੇ ਸ਼ੁਰੂ ਵਿੱਚ ਮੁਸਲਮਾਨ ਲੋਕ ਮਦਰੱਸਿਆਂ ਅਤੇ ਮਸਜ਼ਿਦਾਂ ਵਿੱਚ ਸਿੱਖਿਆ ਪ੍ਰਾਪਤ ਕਰਦੇ ਸਨ। ਜਦਕਿ ਉੱਚੇਰੀ ਸਿੱਖਿਆ ਮਦਰੱਸਿਆਂ ਵਿੱਚ ਦਿਤੀ ਜਾਂਦੀ ਸੀ। ਲਾਹੌਰ,ਮੁਲਤਾਨ,ਜਲੰਧਰ ਉਸ ਸਮੇਂ ਸਿੱਖਿਆ ਦੇ ਮੁੱਖ ਕੇਂਦਰ ਸਨ । ਮੁਸਲਮਾਨ ਸਮਾਜ ਵਿੱਚ ਇਸਤਰੀਆਂ ਦੀ ਸਥਿਤੀ ਚੰਗੀ ਨਹੀਂ ਸੀ। ਉਹਨਾਂ ਨੂੰ ਭੋਗ- ਵਿਲਾਸ ਦੀ ਵਸਤੂ ਸਮਝਿਆ ਜਾਂਦਾ ਸੀ। ਉਹਨਾਂ ਨੂੰ ਪੈਰਾਂ ਦੀ ਜੁੱਤੀ ਦੇ ਸਮਾਨ ਸਮਝਿਆ ਜਾਂਦਾ ਸੀ। ਇਸਤਰੀਆਂ ਦੀ ਸਿੱਖਿਆ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ ਜਾਂਦਾ ਸੀ।ਮੁਸਲਮਾਨ ਸਮਾਜ ਵਿੱਚ ਬਹੁ ਪਤਨੀ ਵਿਆਹ ,ਪਰਦਾ ਪ੍ਰਥਾ ਅਤੇ ਤਲਾਕ ਵਰਗੀਆਂ ਪ੍ਰਥਾਵਾਂ ਨੇ ਇਸਤਰੀਆਂ ਦੀ ਸਥਿਤੀ ਨੂੰ ਸਮਾਜ ਵਿੱਚ ਹੋਰ ਵੀ ਖ਼ਰਾਬ ਕਰ ਦਿੱਤਾ ਸੀ ।

ਇਸ ਤੋਂ ਬਿਨਾਂ ਤਿੰਨੇ ਸ੍ਰੇਣੀਆਂ ਦੇ ਭੋਜਨ ਵਿੱਚ ਵੀ ਕਾਫ਼ੀ ਜ਼ਿਆਦਾ ਅੰਤਰ ਸੀ। ਉੱਚ ਸ੍ਰੇਣੀ ਦੇ ਲੋਕ ਭੋਜਨ ਵਿੱਚ ਮੀਟ,ਮਿਰਚ੍ਮਸਾਲੇ, ਸ਼ਰਾਬ ,ਸ਼ਰਬਤ ਅਤੇ ਹੋਰ ਕਈ ਤਰ੍ਹਾਂ ਦੇ ਪਕਵਾਨਾਂ ਦੀ ਵਰਤੋਂ ਕਰਦੇ ਸਨ , ਮੱਧ ਸ੍ਰੇਣੀ ਦੇ ਲੋਕ ਸਾਦਾ ਭੋਜਨ ਖਾਂਦੇ ਸਨ। ਜਦਕਿ ਨੀਵੀਂ ਜਾਤੀ ਦੇ ਲੋਕ ਪੇਟ ਭਰਨ ਲਈ ਜੋ ਵੀ ਮਿਲਦਾ ਖਾ ਲੈਂਦੇ ਸਨ | ਤਿੰਨੇ ਸ੍ਰੇਣੀਆਂ ਦੇ ਪਹਿਰਾਵੇ ਦਾ ਵੀ ਬਹੁਤ ਅੰਤਰ ਸੀ | ਉੱਚ ਜਾਤੀ ਦੇ ਮੁਸਲਮਾਨ ਮਰਦ ਅਤੇ ਇਸਤਰੀਆਂ ਦੀਆਂ ਪੁਸ਼ਾਕਾਂ ਰੇਸ਼ਮੀ ਤੇ ਮਖ਼ਮਲੀ ਹੁੰਦੀਆਂ ਸਨ , ਜਿਹਨਾਂ ਦੀ ਕੀਮਤ ਬਹੁਤ ਹੁੰਦੀ ਸੀ , ਦੂਜੀ ਤੇ ਤੀਜੀ ਜਾਤੀ ਦੇ ਦੇ ਲੋਕ ਸਾਦੇ ਸੂਤੀ ਕੱਪੜੇ ਪਹਿਨਦੇ ਸਨ | ਇਸ ਤੋਂ ਬਿਨਾਂ ਮੁਸਲਮਾਨ ਆਪਣਾ ਮਨੋਰੰਜਨ ਕਾਰਨ ਲਈ ਸ਼ਿਕਾਰ ਖੇਡਦੇ ,ਘੋੜ-ਦੌੜ ਜਾਨਵਰਾਂ ਦੀਆਂ ਲੜਾਈਆਂ ਦੇਖਣਾ ,ਚੌਗਾਨ ਖੇਡਣਾ ,ਸ਼ਤਰੰਜ ਖੇਡਣਾ,ਨਾਚ ਗਾਣਾ ਦੇਖ ਕੇ ਕਰਦੇ ਸਨ |

ਮੁਸਲਮਾਨ ਵਰਗ ਦਾ ਰਾਜ ਹੋਣ ਕਾਰਣ ਹਿੰਦੂਆਂ ਨੂੰ ਘਟੀਆ ਮੰਨਿਆ ਜਾਂਦਾ ਸੀ।ਮੁਸਲਮਾਨ ਸ਼ਾਸਕਾਂ ਦੁਆਰਾ ਉਹਨਾਂ ਉਤੇ ਬਹੁਤ ਅਤਿਆਚਾਰ ਕੀਤਾ ਜਾਂਦਾ ਸੀ।ਉਹਨਾਂ ਉਤੇ ਜਜ਼ੀਆ ਨਾਂ ਦਾ ਇੱਕ ਧਾਰਮਿਕ ਕਰ ਲੱਗਿਆ ਹੋਇਆ ਸੀ, ਜੋ ਕਿ ਉਹਨਾਂ ਨੂੰ ਆਪਣੇ ਧਾਰਮਿਕ ਸਥਾਨਾਂ ਦੀ ਯਾਤਰਾ ਦੇ ਸਮੇਂ ਦੇਣਾ ਪੈਂਦਾ ਸੀ । ਹਿੰਦੂ ਧਰਮ ਵਿੱਚ ਫ਼ੈਲੇ ਅੰਧਵਿਸਵਾਸ਼ ਨੇ ਉਹਨਾਂ ਦੀ ਸਥਿਤੀ ਹੋਰ ਵੀ ਖਰਾਬ ਕਰ ਦਿੱਤੀ ਸੀ। ਹਿੰਦੂ ਸਮਾਜ ਮੁੱਖ ਚਾਰ ਜਾਤਾ ਵਿੱਚ ਵੰਡਿਆ ਹੋਇਆ ਸੀ,ਬ੍ਰਾਹਮਣ, ਖੱਤਰੀ,ਵੈਸ਼ ਅਤੇ ਸ਼ੂਦਰ ਸ਼ਾਮਿਲ ਸਨ। ਹਿੰਦੂ ਸਮਾਜ ਵਿੱਚ ਸੱਭ ਤੋਂ ਉੱਚਾ ਸਥਾਨ ਬ੍ਰਾਹਮਣਾਂ ਨੂੰ ਪ੍ਰਾਪਤ ਹੁੰਦਾ ਸੀ।ਬ੍ਰਾਹਮਣਾਂ ਦੇ ਜੀਵਨ ਵਿੱਚ ਇਸ ਸਮੇਂ ਤੱਕ ਬਹੁਤ ਗਿਰਾਵਟ ਆ ਚੁੱਕੀ ਸੀ।ਉਹ ਧਰਮ ਦੇ ਨਾਮ ਤੇ ਲੋਕਾਂ ਦਾ ਸੋਸ਼ਣ ਕਰ ਰਹੇ ਸਨ। ਖੱਤਰੀ ਜਾਤੀ ਦੇ ਲੋਕਾਂ ਨੇ ਦੁਕਾਨਦਾਰੀ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਵੈਸ਼ ਸ਼ੁਰੂ ਤੋਂ ਹੀ ਵਪਾਰ ਅਤੇ ਖੇਤੀਬਾੜੀ ਦਾ ਕੰਮ ਕਰਦੇ ਸਨ। ਸ਼ੂਦਰਾਂ ਨੂੰ ਸੱਭ ਤੋਂ ਨੀਵੇਂ ਮੰਨਿਆ ਜਾਂਦਾ ਸੀ ਅਤੇ ਉਹਨਾਂ ਨਾਲ ਬੁਰਾ ਸਲੂਕ ਕੀਤਾ ਜਾਂਦਾ ਸੀ।

ਹਿੰਦੂ ਸਮਾਜ ਵਿੱਚ ਵੀ ਇਸਤਰੀਆਂ ਦੀ ਸਥਿਤੀ ਬਹੁਤੀ ਚੰਗੀ ਨਹੀਂ ਸੀ।ਉਹਨਾਂ ਨਾਲ ਬਹੁਤ ਮਾੜਾ ਸਲੂਕ ਕੀਤਾ ਜਾਂਦਾ ਸੀ। ਘਰ ਵਿੱਚ ਕੁੜੀਆਂ ਦੇ ਜਨਮ ਹੋਣ ਨੂੰ ਚੰਗਾ ਨਹੀਂ ਸਮਝਿਆ ਜਾਂਦਾ ਸੀ।ਕਈ ਲੋਕ ਤਾਂ ਕੁੜੀਆਂ ਨੂੰ ਜਨਮ ਲੈਂਦੇ ਹੀ ਮਾਰ ਦਿੰਦੇ ਸਨ। ਹਿੰਦੂ ਸਮਾਜ ਵਿੱਚ ਬਹੁਤ ਸਾਰੀਆਂ ਕੁਰੀਤੀਆਂ ਫੈਲੀਆਂ ਹੋਇਆਂ ਸਨ ਜਿਵੇਂ ਕਿ, ਬਾਲ ਵਿਆਹ,ਸਤੀ ਪ੍ਰਥਾ ,ਕੁੜੀਮਾਰ ਪ੍ਰਥਾ ਆਦਿ। ਵਿਧਵਾ ਇਸਤਰੀਆਂ ਨੂੰ ਦੁਬਾਰਾ ਤੋਂ ਵਿਆਹ ਕਰਵਾਉਣ ਦੀ ਮਨਾਹੀ ਸੀ।ਇਸਤਰੀਆਂ ਦੀ ਸਿੱਖਿਆ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ ਜਾਂਦਾ ਸੀ। ਜਿਥੋਂ ਤੱਕ ਹਿੰਦੂ ਲੋਕਾਂ ਦੇ ਪਹਿਰਾਵੇ ਦੀ ਗੱਲ ਹੈ,ਉਹ ਬਿਲਕੁਲ ਹੀ ਸਾਦਾ ਸੀ। ਉਹਨਾਂ ਦਾ ਭੋਜਨ ਵੀ ਬਿਲਕੁਲ ਹੀ ਸਾਦਾ ਸੀ। ਖਾਣੇ ਦੀ ਸੁੱਚਮਤਾ ਵਿੱਚ ਪੂਰਾ ਧਿਆਨ ਰੱਖਿਆ ਜਾਂਦਾ ਸੀ ਅਤੇ ਜੂਠਾ ਖਾਣਾ ਖਾਣ ਤੋਂ ਪਰਹੇਜ ਕੀਤਾ ਜਾਂਦਾ ਸੀ।

## ਸਿੱਟਾ:

ਅਖ਼ੀਰ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਸਮੇਂ ਭਾਵ ਕਿ 16 ਵੀ ਸਦੀ ਵਿੱਚ ਸਮਾਜਿਕ ਹਾਲਤ ਬਹੁਤ ਖ਼ਰਾਬ ਸੀ।ਮੁਸਲਿਮ ਅਤੇ ਹਿੰਦੂ ਦੋਵੇਂ ਧਰਮਾਂ ਵਿੱਚ ਬਹੁਤ ਸਾਰੀਆਂ ਕੁਰੀਤੀਆਂ ਫੈਲੀਆਂ ਹੋਈਆਂ ਸਨ ਇਸਤਰੀਆਂ ਨੂੰ ਬਹੁਤ ਨੀਵਾਂ ਸਮਝਿਆ ਜਾਂਦਾ ਸੀ। ਸਮਾਜ ਦੇ ਵਿੱਚ ਝੂਠ,ਫ਼ਰੇਬ,ਠੱਗੀ ਅਤੇ ਅਨਿਆਂ ਵਰਗੀਆਂ ਕੁਰਤੀਆਂ ਫੈਲੀਆਂ ਹੋਈਆਂ ਸਨ। ਦੋਵੇਂ ਧਰਮਾਂ ਵਿੱਚ ਇਸਤਰੀਆਂ ਨੂੰ ਸਿੱਖਿਆ ਤੋਂ ਦੂਰ ਰੱਖਿਆ ਹੋਇਆ ਸੀ।ਸਿਰਫ਼ ਮਰਦਾਂ ਨੂੰ ਹੀ ਸਿੱਖਿਆ ਦਿੱਤੀ ਜਾਂਦੀ ਸੀ ।ਸਮਾਜਿਕ ਹਾਲਤ ਬਹੁਤ ਹੀ ਤਰਸਯੋਗ ਸੀ ।

## ਹਵਾਲੇ ਨੋਟ:


- ਜੇ.ਐਸ.ਗਰੇਵਾਲ, ਗੁਰੂ ਨਾਨਕ ਇਨ ਹਿਸਟਰੀ
- ਕੁਲਬੀਰ ਸਿੰਘ ਥਿੰਦ, ਗੁਰੂ ਨਾਨਕ ਦੇਵ ਜੀ
- ਭਾਈ ਜੋਧ ਸਿੰਘ, ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਤੇ ਹੋਰ ਲੇਖ
- ਕਿਰਪਾਲ ਸਿੰਘ ਚੰਦਨ, ਜੀਵਨ ਗਾਥਾ ਤੇ ਸਿਧਾਂਤ ਸ੍ਰੀ ਗੁਰੂ ਨਾਨਕ ਦੇਵ ਜੀ
- **ਖੁਸ਼ਵੰਤ ਸਿੰਘ, ਸਿੱਖ ਇਤਿਹਾਸ ਭਾਗ** - 1
- **ਮੈਕਾਲਿਫ਼, ਸਿੱਖ ਧਰਮ**
- **ਇੰਦੂ ਭੂਸ਼ਣ ਬੈਨਰਜੀ, ਖ਼ਾਲਸੇ ਦੀ ਉੱਤਪਤੀ**
- **ਡਾਕਟਰ ਗੰਡਾ ਸਿੰਘ ਅਤੇ ਪ੍ਰਿੰਸੀਪਲ ਤੇਜਾ ਸਿੰਘ, ਸਿੱਖ ਇਤਿਹਾਸ**